## ਨਿਊ ਸਾਊਥ ਵੇਲਜ਼ ਸਿਹਤ ਵਿਭਾਗ

# ਮੀਡੀਆ ਪ੍ਰਕਾਸ਼ਨ

NSW GOVERNMENT

14 ਅਗਸਤ 2021

### ਅੱਜ ਸ਼ਾਮ 5 ਵਜੇ ਤੋਂ ਖੇਤਰੀ (ਰੀਜਨਲ) ਨਿਊ ਸਾਊਥ ਵੇਲਜ਼ ਲਈ ਘਰ ਵਿੱਚ ਹੀ ਰਹਿਣ ਦੇ ਆਰਡਰ

ਨਿਊ ਸਾਊਥ ਵੇਲਜ਼ ਦੇ ਲੋਕਾਂ ਨੂੰ ਨਿਰੰਤਰ ਬਦਲ ਰਹੀ, ਕੋਵਿਡ-19 ਫੈਲਣ ਦੀ ਸਮੱਸਿਆ ਤੋਂ ਸੁਰੱਖਿਅਤ ਕਰਨ ਲਈ, ਅੱਜ ਸ਼ਾਮ 5 ਵਜੇ ਤੋਂ ਐਤਵਾਰ 22 ਅਗਸਤ 2021 ਸਵੇਰ 12.01 ਵਜੇ ਤੱਕ, ਸਮੁੱਚੇ ਖੇਤਰੀ ਨਿਊ ਸਾਊਥ ਵੇਲਜ਼ ਵਿੱਚ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਜਾਣਗੀਆਂ।

ਨਿਊ ਸਾਊਥ ਵੇਲਜ਼ ਦੀ ਮੁੱਖ ਸਿਹਤ ਅਧਿਕਾਰੀ ਡਾੱਕਟਰ ਕੈਰੀ ਚੈਂਟ ਵੱਲੋਂ ਆਈ ਨਵੀਂ ਸਿਹਤ ਸਲਾਹ ਤੋਂ ਬਾਅਦ, ਘਰ ਵਿੱਚ ਹੀ ਰਹਿਣ ਦੇ ਆਦੇਸ਼ ਉਨ੍ਹਾਂ ਸਾਰਿਆਂ ਲੋਕਾਂ ਉੱਪਰ ਲਾਗੂ ਹੋਣਗੇ ਜੋ ਖੇਤਰੀ ਨਿਊ ਸਾਊਥ ਵੇਲਜ਼ ਵਿੱਚ ਰਹਿੰਦੇ ਹਨ।

ਇਸ ਦਾ ਮਤਲਬ ਹੈ ਕਿ ਅੱਜ ਸ਼ਾਮ 5 ਵਜੇ ਤੋਂ ਪੂਰਾ ਨਿਊ ਸਾਊਥ ਵੇਲਜ਼ ਹੀ, ਘਰ ਵਿੱਚ ਰਹਿਣ ਦੀ ਪਾਬੰਦੀਆਂ ਹੇਠ ਹੋਵੇਗਾ।

ਇਹ ਨਵਾਂ ਆਰਡਰ, ਖੇਤਰੀ ਨਿਊ ਸਾਊਥ ਵੇਲਜ਼ ਵਿੱਚ ਮੌਜੂਦਾ ਲੱਗੇ ਕਿਸੇ ਵੀ ਆਰਡਰ ਦੀ ਥਾਂ ਲੈ ਲਵੇਗਾ।

ਹਰ ਕਿਸੇ ਨੂੰ ਘਰ ਦੇ ਅੰਦਰ ਹੀ ਰਹਿਣਾ ਪਵੇਗਾ ਬਸ਼ਰਤੇ ਕਿ ਉਨ੍ਹਾਂ ਕੋਲ ਘਰੋਂ ਨਿੱਕਲਣ ਦਾ ਕੋਈ ਵਾਜਬ ਕਾਰਣ ਨਾ ਹੋਵੇ। ਉਹ ਵੀ ਹੁਣ ਆਪਣੇ ਘਰਾਣੇ ਤੋਂ ਬਾਹਰ ਦੇ ਮਹਿਮਾਨਾਂ ਨੂੰ ਆਪਣੇ ਘਰ ਨਹੀਂ ਆਉਣ ਦੇ ਸਕਦੇ, ਪਰਿਵਾਰ ਅਤੇ ਦੋਸਤਾਂ ਮਿੱਤਰਾਂ ਨੂੰ ਵੀ ਨਹੀਂ।

ਲੋਕੀ ਅਜੇ ਵੀ ਇੱਕ ਸਮੇਂ 'ਤੇ ਇੱਕ ਵਿਅਕਤੀ ਨੂੰ, ਦੇਖਭਾਲ ਕਰਤਾ ਦੀਆਂ ਜ਼ਿੰਮੇਵਾਰੀਆਂ ਨਿਭਾਉਣ, ਜਾਂ ਦੇਖਭਾਲ ਜਾਂ ਸਹਾਇਤਾ ਦੇਣ, ਜਾਂ ਫੇਰ ਰਹਿਮਦਿਲੀ ਸਬੰਧੀ ਕਾਰਣਾਂ ਲਈ ਆਉਣ ਦੇ ਸਕਦੇ ਹਨ, ਜਿਵੇਂ ਕਿ ਜਿੱਥੇ ਦੋ ਲੋਕ ਆਪਸੀ ਰਿਸ਼ਤੇ ਵਿੱਚ ਹਨ ਪਰ ਇਕੱਠੇ ਨਹੀਂ ਰਹਿੰਦੇ।

ਪੱਬ, ਰੈਸਟੋਰੈਂਟ ਅਤੇ ਕੈਫਿਆਂ ਸਮੇਤ ਸਾਰੇ ਹੀ ਮੇਜ਼ਬਾਨੀ (ਹਾਸਪੀਟੈਲਟੀ) ਸਥਲ ਲੋਕਾਂ ਵਾਸਤੇ ਬੰਦ ਰਹਿਣਗੇ, ਪਰ ਟੇਕਅਵੇ (ਭੋਜਨ ਪੈਕ ਕਰ ਵੇਚਦੀਆਂ ਦੁਕਾਨਾਂ) ਨਹੀਂ।

ਥੱਲੇ ਦਿੱਤੀ ਗਈ ਸੂਚੀ ਤੋਂ ਇਲਾਵਾ, ਬਾਕੀ ਦੇ ਰੀਟੇਲ (ਪਰਚੂਣ) ਪਰਿਸਰਾਂ ਨੂੰ ਬੰਦ ਰਹਿਣਾ ਪਵੇਗਾ:

- ਸੁਪਰਮਾਰਕਿਟ ਅਤੇ ਕਿਰਿਆਨੇ ਦੀਆਂ ਦੁਕਾਨਾਂ,
- ਦੁਕਾਨਾਂ ਜਿਹੜੀਆਂ ਕਿ ਮੋਟੇ ਤੌਰ 'ਤੇ ਖਾਣ ਜਾਂ ਪੀਣ ਦੀਆਂ ਚੀਜ਼ਾਂ ਵੇਚਦੀਆਂ ਹਨ ਜਿਵੇਂ ਕਿ ਕਸਾਈ, ਬੇਕਰੀਆਂ, ਫਲਾਂ ਦੀਆਂ ਦੁਕਾਨਾਂ ਅਤੇ ਡੇਲੀਕੈਟੇਸੰਸ (delicatessens) 'ਡੈਲੀ' ਦੀਆਂ ਦੁਕਾਨਾਂ, ਪਰ ਇਨ੍ਹਾਂ ਵਿੱਚ ਰੈਸਟੋਰੈਂਟ ਅਤੇ ਕੈਫੇ ਸ਼ਾਮਲ ਨਹੀਂ ਹਨ।
- ਕੈਮਿਸਟ ਅਤੇ ਫਾਰਮਾਸਿਸਟ (ਦਵਾਵਾਂ ਵੇਚਣ ਵਾਲਿਆਂ ਦੁਕਾਨਾਂ),
- ਕਿਔਸਕਸ (kiosks)
- ਦੁਕਾਨਾਂ ਜਿਹੜੀਆਂ ਕਿ ਮੋਟੇ ਤੌਰ 'ਤੇ ਦਫਤਰਾਂ ਵਿੱਚ ਵਰਤਿਆ ਜਾਣ ਵਾਲਾ ਸਮਾਨ, ਪਾਲਤੂ ਪਸ਼ੂਆਂ ਦਾ ਸਮਾਨ, ਅਖਬਾਰ, ਰਸਾਲੇ ਅਤੇ ਸਟੇਸ਼ਨਰੀ, ਸ਼ਰਾਬ, ਮਾਤ੍ਰੀ ਅਤੇ ਨਵੇਂ ਜਣਮੇ ਬੱਚਿਆਂ ਦਾ ਸਮਾਨ, ਚਿਕਿਤਸਾ ਜਾਂ ਫਾਰਮਾਸਊਟੀਕਲ ਸਮਾਨ ਵੇਚਦੀਆਂ ਹਨ।
- ਭੋਜਨ ਅਤੇ ਪੀਣ ਦੇ ਪਦਾਰਥ ਵੇਚਦੇ ਪਰਿਸਰ, ਪਰ ਸਿਰਫ਼ ਟੇਕਅਵੇ ਵੇਚਣ ਲਈ
- 'ਸੈਲਾਰ ਡੋਰ' (cellar door) (ਸ਼ਰਾਬ) ਵੇਚਦੇ ਪਰਿਸਰ, ਪਰ ਸਿਰਫ਼ ਟੇਕਅਵੇ ਲਈ
- ਹਾਰਡਵੇਅਰ ਅਤੇ ਨਿਰਮਾਣ (ਬਿਲਡਿੰਗ) ਦੇ ਸਮਾਨ ਦੀਆਂ ਦੁਕਾਨਾਂ
- ਲੈਂਡਸਕੇਪਿੰਗ ਸਮਾਨ ਦੀਆਂ ਦੁਕਾਨਾਂ
- ਪੇਂਡੂ ਸਥਾਨਾਂ ਲਈ ਸਮਾਨ
- ਟਿਮਬਰ ਦੇ ਯਾਰਡ
- ਬਾਗ-ਬਗੀਚੇ ਕੇਂਦਰ ਅਤੇ ਬੂਟਿਆਂ ਦੀਆਂ ਨਰਸਰੀਆਂ,
- ਗੱਡੀਆਂ ਕਿਰਾਏ 'ਤੇ ਦੇਣ ਵਾਲੇ ਪਰਿਸਰ, ਪਰ ਉਹ ਪਰਿਸਰ ਨਹੀਂ ਜਿਨ੍ਹਾਂ ਵਿੱਚ ਗੱਡੀਆਂ ਵੇਚੀਆਂ ਜਾਂਦੀਆਂ ਹਨ,
- ਦੁਕਾਨਾਂ ਜੋ ਮੋਟੇ ਤੌਰ 'ਤੇ ਮੋਬਾਈਲ ਫ਼ੋਨਾਂ ਦੀ ਮੁਰੰਮਤ ਕਰਦੀਆਂ ਹਨ।

ਸਰਵਿਸ ਸਟੇਸ਼ਨ, ਬੈਂਕ, ਡਾਕਖਾਨੇ, ਲੌਂਡਰੋਮੈਟ ਅਤੇ ਡ੍ਰਾਈਕਲੀਨਰ ਖੁੱਲੇ ਰਹਿ ਸਕਦੇ ਹਨ।

ਹਰ ਕੋਈ ਜੋ ਘਰੋਂ ਬਾਹਰ ਨਿੱਕਲਦਾ ਹੈ, ਉਸਨੂੰ ਆਪਣੇ ਨਾਲ ਇੱਕ ਮਾਸਕ ਹਰ ਵੇਲੇ ਰੱਖਣਾ ਹੀ ਪਵੇਗਾ। ਬਾਹਰ ਕੋਈ ਕੰਮ ਕਰਦੇ ਹੋਏ, ਬਾਹਰਲੇ ਬਜ਼ਾਰਾਂ ਵਿੱਚ ਮੌਜੂਦ ਸਾਰੇ ਲੋਕਾਂ ਵੱਲੋਂ, ਸਕੂਲਾਂ ਦੇ ਸਾਰੇ ਕਰਮਚਾਰੀਆਂ, ਲੜੀਵਾਰ ਬਣੀਆਂ ਬਾਹਰਲੀਆਂ ਦੁਕਾਨਾਂ (outdoor shopping strips) ਵਿੱਚ, ਜਾਂ ਬਾਹਰ ਕਿਤੇ ਕਤਾਰ ਵਿੱਚ ਖਰੀਦੇ ਗਏ ਸਮਾਨ ਜਿਵੇਂ ਕਿ ਕੌਫੀ ਜਾਂ ਭੋਜਨ ਦੀ ਉਡੀਕ ਕਰ ਰਹੇ ਸਾਰੇ ਲੋਕਾਂ ਨੇ ਮਾਸਕ ਪਾਇਆ ਹੋਣਾ ਚਾਹੀਦਾ ਹੈ।

ਸਮੁੱਚੇ ਨਿਊ ਸਾਊਥ ਵੇਲਜ਼ ਦੇ ਹਰ ਇੱਕ ਰੁਜ਼ਗਾਰਦਾਤੇ ਨੂੰ ਆਪਣੇ ਕਾਮਿਆਂ ਨੂੰ ਘਰੋਂ ਕੰਮ ਕਰਨ ਲਈ ਕਹਿਣਾ ਪਵੇਗਾ, ਜਦ ਤੱਕ ਕਿ ਵਾਜਬ ਅਤੇ ਵਿਹਾਰਕ ਤੌਰ 'ਤੇ ਇਸ ਵਿੱਚ ਕੋਈ ਮੁਸ਼ਕਿਲ ਨਾ ਹੋਵੇ।

ਕੰਮ ਕਰਨ ਜਾਣ ਲਈ ਆਪਣੇ ਘਰੋਂ ਨਿੱਕਲਣਾ ਇੱਕ ਵਾਜਬ ਕਾਰਣ ਹੈ - ਪਰ ਸਿਰਫ਼ ਤਾਂ, ਜੇ ਘਰੋਂ ਕੰਮ ਕਰਨਾ ਵਿਹਾਰਕ ਤੌਰ 'ਤੇ ਸੰਭਵ ਨਾ ਹੋਵੇ।

ਅਜਿਹੇ ਖੇਤਰੀ ਇਲਾਕੇ, ਜੋ ਪਹਿਲਾਂ ਤੋਂ ਹੀ ਲਾੱਕਡਾਊਨ (ਤਾਲਾਬੰਦੀ) ਹੇਠ ਨਹੀਂ ਆ ਚੁੱਕੇ ਹਨ, ਉਨ੍ਹਾਂ ਨੂੰ 'ਗ੍ਰੇਸ-ਪੀਰਿਅਡ' ਵਜੋਂ ਇੱਕ ਦਿਨ ਦਿੱਤਾ ਜਾਵੇਗਾ ਤਾਂ ਜੋ ਯੋਜਨਾਬੱਧ ਵਿਆਹ-ਸ਼ਾਦੀਆਂ ਅਤੇ ਦਾਹ-ਸੰਸਕਾਰ ਕੀਤੇ ਜਾ ਸਕਣ। ਅਜਿਹੇ ਸਮਾਗਮ ਸੋਮਵਾਰ 16 ਅਗਸਤ 2021, ਸਵੇਰ 12.01 ਵਜੇ ਤੱਕ ਕੀਤੇ ਜਾ ਸਕਦੇ ਹਨ ਬਸ਼ਰਤੇ ਕਿ ਸ਼ਾਮਲ ਹੋਣ ਵਾਲੇ ਮਹਿਮਾਨ ਸਿਰਫ਼ ਉਨ੍ਹਾਂ ਇਲਾਕਿਆਂ ਤੋਂ ਹਨ, ਜਿੱਥੇ ਪਹਿਲਾਂ ਤੋਂ ਹੀ ਲਾੱਕਡਾਊਨ ਨਹੀਂ ਲੱਗਾ ਹੋਇਆ। ਸੋਮਵਾਰ ਤੋਂ, ਛੋਟੇ ਪੱਧਰ ਦੇ ਦਾਹ ਸੰਸਕਾਰ ਅਤੇ ਸਮਾਰਕ ਸੇਵਾਵਾਂ (ਮੈਮੋਰੀਅਲ ਸਰਵਿਸ) ਵਿੱਚ (ਅਜਿਹੀ ਕੋਈ ਸੇਵਾ ਦਾ ਸੰਚਾਲਨ ਕਰ ਰਹੇ ਲੋਕਾਂ ਤੋਂ ਇਲਾਵਾ) ਸਿਰਫ਼ 10 ਲੋਕਾਂ ਦੀ ਸ਼ਮੂਲੀਅਤ ਦੀ ਹੀ ਇਜਾਜ਼ਤ ਹੋਵੇਗੀ।

ਨਿਊ ਸਾਊਥ ਵੇਲਜ਼ ਸਿਹਤ ਵਿਭਾਗ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਭਾਵੇਂ ਬਿਮਾਰੀ ਦੇ ਲੱਛਣ ਬਿਲਕੁਲ ਨਾ ਮਾਤਰ ਹੀ ਕਿਉਂ ਨਾ ਹੋਣ, ਪਰ ਜੇ ਹੋਣ ਤਾਂ ਟੈਸਟ ਕਰਵਾਉਣ ਲਈ ਸਾਮ੍ਹਣੇ ਆਉਂਦੇ ਰਹਿਣ।

ਸਮੁੱਚੇ ਨਿਊ ਸਾਊਥ ਵੇਲਜ਼ ਵਿੱਚ 440 ਤੋਂ ਵੀ ਵੱਧ ਕੋਵਿਡ-19 ਟੈਸਟਿੰਗ ਪਰਿਸਰ ਹਨ, ਜਿਨ੍ਹਾਂ ਵਿੱਚੋਂ ਕਈ, ਹਫ਼ਤੇ ਦੇ ਸੱਤ ਦਿਨ ਖੁੱਲੇ ਰਹਿੰਦੇ ਹਨ। ਆਪਣਾ ਸਭ ਤੋਂ ਨਜ਼ਦੀਕੀ ਕਲੀਨਿਕ ਲੱਭਣ ਲਈ, ਸਾਡੀ ਵੈੱਬਸਾਈਟ ਵੇਖੋ

ਗ੍ਰੇਟਰ ਸਿਡਨੀ ਦੇ ਪ੍ਰਭਾਵਿਤ ਲੋਕਲ ਗੌਰਮਿੰਟ ਖੇਤਰਾਂ ਵਿੱਚ ਲਗਾਏ ਗਏ ਖਾਸ ਨਿਯਮ ਲਾਗੂ ਹੀ ਰਹਿਣਗੇ।

ਵਧੇਰੀ ਜਾਣਕਾਰੀ ਲਈ, ਕਿਰਪਾ ਕਰ ਕੇ nsw.gov.au/ਕੋਵਿਡ-19/ਨਿਯਮ ਵੇਖੋ